## ਕੀ ਮੈਨੂੰ ਘਰ ਜਾਣ ਮਗਰੋਂ ਕੋਈ ਖਾਸ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ?

• ਨਹੀਂ, ਘਰ-ਪਰਵਾਰ ਦੇ ਸਾਰੇ ਮੈਂਬਰਾਂ ਲਈ ਹੱਥਾਂ ਦੀ ਸਫ਼ਾਈ ਸਭ ਤੋਂ ਵੱਧ ਜ਼ਰੂਰੀ ਤਰੀਕਾ ਹੈ ਜਿਸ ਰਾਹੀਂ ਨਾ ਸਿਰਫ਼ MRSA ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ ਬਲਕਿ ਹੋਰ ਵੀ ਬਹੁਤ ਸਾਰੀਆਂ ਵੱਖ ਵੱਖ ਲਾਗਾਂ ਤੋਂ ਬਚਿਆ ਜਾ ਸਕਦਾ ਹੈ।

• ਜੇਕਰ ਤੁਹਾਡੇ ਕੋਈ ਜ਼ਖਮ ਹਨ ਜਾਂ ਡ੍ਰੈਸਿੰਗ ਕਰਵਾਉਣ ਦੀ ਲੋੜ ਹੈ ਤਾਂ ਕਮਿਊਨਿਟੀ ਨਰਸ ਵਰਤ ਕੇ ਸੁੱਟਣ ਯੋਗ ਦਸਤਾਨੇ ਅਤੇ ਐਪਰਨ ਪਹਿਨੇਗੀ; ਇਹ ਇਸ ਲਈ ਕਿ ਉਸ ਨੂੰ ਕਮਿਊਨਿਟੀ ਵਿਚ ਹੋਰ ਵੀ ਕਮਜ਼ੋਰ ਰੋਗੀਆਂ ਨਾਲ ਮੁਲਾਕਾਤ ਲਈ ਜਾਣਾ ਹੁੰਦਾ ਹੈ।

• ਘਰ ਵਿਚ ਧੋਤੇ ਹੋਏ ਕਪੜਿਆਂ ਲਈ ਕੋਈ ਖਾਸ ਸਾਵਧਾਨੀ ਦੀ ਲੋੜ ਨਹੀਂ ਹੈ।

• ਜੇਕਰ ਤੁਹਾਡੀ ਤਬੀਅਤ ਠੀਕ ਹੈ ਅਤੇ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ ਕਿਸੀ ਸਮਾਜਿਕ ਸਮਾਗਮ ਜਾਂ ਪਬਲਿਕ ਥਾਂ ਤੋਂ ਵੱਖ ਰੱਖਣ ਦੀ ਲੋੜ ਨਹੀਂ ਹੈ।

## ਮੈਨੂੰ MRSA ਦੇ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇਕਰ ਤੁਸੀਂ ਕੁਝ ਵਧੇਰੇ ਪੁੱਛਣਾ ਚਾਹੁੰਦੇ ਹੋ ਤਾਂ ਆਪਣੀ ਵਾਰਡ ਨਰਸ, ਜਨਰਲ ਪ੍ਰੈੱਕਟੀਸ਼ਨਰ, ਡਿਸਟ੍ਰਿਕਟ ਜਾਂ ਇਲਾਜ ਦੇ ਕਮਰੇ ਦੀ ਨਰਸ ਨਾਲ ਸੰਪਰਕ ਕਰੋ। ਜਾਣਕਾਰੀ ਏਥੇ ਵੀ ਉਪਲਬਧ ਹੈ

• Health Protection Agency (ਹੈਲਥ ਪ੍ਰੋਟੈੱਕਸ਼ਨ ਏਜੰਸੀ) www.hpa.org.uk
• The Centres for Disease Control(ਦੀ ਸੈਂਟਰਜ਼ ਫ਼ਾਰ ਡਿਜ਼ੀਜ਼ ਕੰਟ੍ਰੋਲ), Atlanta, Georgia, ਕੋਲ ਰੋਗੀਆਂ ਲਈ MRSA ਦੇ ਬਾਰੇ ਜਾਣਕਾਰੀ ਉਹਨਾਂ ਦੀ ਵੈਬ-ਸਾਈਟ 'ਤੇ ਹੈ।

www.cdc.gov/ncidod/hip/aresist/mrsafaq.htm

NHS
Greater Glasgow and Clyde

# MRSA

*ਜਦੋਂ ਤੁਹਾਨੂੰ ਹਸਪਤਾਲ ਤੋਂ ਛੁੱਟੀ ਮਿਲਦੀ ਹੈ. . . .*

## ਰੋਗੀਆਂ ਅਤੇ ਰਿਸ਼ਤੇਦਾਰਾਂ ਲਈ ਜਾਣਕਾਰੀ ਲੀਫ਼ਲੈੱਟ

## MRSA ਕੀ ਹੈ?

MRSA ਦਾ ਮਤਲਬ methicillin (M - ਮੇਥਿੱਸਲੀਨ) resistant (R - ਰੋਧਕ) Staphylococcus (S - ਸਟੈਫ਼ਿਲੋਕੋਕਸ) aureus (A - ਔਰੀਅਸ) ਤੋਂ ਹੈ। ਇਹ ਆਮ ਬੈਕਟੀਰੀਆ ਜਿਸ ਦਾ ਨਾਂ Staphylococcus aureus (SA - ਸਟੈਫ਼ਿਲੋਕੋਕਸ ਔਰੀਅਸ) ਹੈ, ਦੀ ਇਕ ਕਿਸਮ ਹੈ। MRSA ਨੂੰ ਜੋ ਵੱਖਰਾ ਬਣਾਉਂਦੀ ਹੈ ਉਹ ਇਸ ਦਾ ਕੁਝ ਐਂਟੀਬਾਓਟਿਕਾਂ ਲਈ ਰੋਧਕ ਹੋਣਾ ਹੈ। ਇਹ SA ਬੈਕਟੀਰੀਆ ਲਗ-ਪਗ ਇਕ-ਤਿਹਾਈ ਲੋਕਾਂ ਦੀ ਚਮੜੀ 'ਤੇ ਅਤੇ ਨੱਕ ਵਿਚ ਬਿਨਾਂ ਕੋਈ ਨੁਕਸਾਨ ਕੀਤੇ ਰਹਿੰਦਾ ਹੈ। ਇਹ ਫਟੀ ਹੋਈ ਚਮੜੀ ਜਿਵੇਂ ਕਿ ਕਿਸੇ ਜ਼ਖਮ ਵਿਚ ਵਧੇਰੇ ਕਰਕੇ ਆਮ ਹੁੰਦਾ ਹੈ।

## ਮੈਨੂੰ MRSA ਕਿਵੇਂ ਲੱਗ ਗਿਆ?

ਕਿਉਂਕਿ ਇਹ ਕਮਿਊਨਿਟੀ ਵਿਚ ਹੁੰਦਾ ਹੈ, ਤੁਹਾਨੂੰ MRSA ਹਸਪਤਾਲ ਆਉਣ ਤੋਂ ਪਹਿਲਾਂ ਤੋਂ ਹੀ ਲੱਗਿਆ ਹੋ ਸਕਦਾ ਹੈ ਜਾਂ ਤੁਸੀਂ ਇਸ ਨੂੰ ਹਸਪਤਾਲ ਆ ਕੇ ਹਾਸਲ ਕੀਤਾ ਹੈ।

## ਮੈਨੂੰ ਕਿਸ ਨੂੰ ਦੱਸਣਾ ਚਾਹੀਦਾ ਹੈ?

ਤੁਹਾਨੂੰ ਆਪਣੇ ਜੀਪੀ ਅਤੇ ਕਮਿਊਨਿਟੀ ਨਰਸ ਜਾਂ ਸਟਾਫ਼ ਜਿਨ੍ਹਾਂ ਨਾਲ ਤੁਹਾਡੀ ਮੁਲਾਕਾਤ ਹੁੰਦੀ ਹੈ, ਉਹਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਤੁਹਾਨੂੰ ਇਹ ਦੱਸਿਆ ਗਿਆ ਹੈ ਕਿ ਤੁਹਾਡੇ MRSA ਹੈ। ਤੁਹਾਡੇ ਜੀਪੀ ਨੂੰ ਤੁਹਾਡੀ ਹਸਪਤਾਲ ਤੋਂ ਛੁੱਟੀ ਵੇਲੇ ਹਸਪਤਾਲ ਵੱਲੋਂ ਦੱਸਿਆ ਜਾਂਦਾ ਹੈ ਲੇਕਿਨ ਇਸ ਵਿਚ ਕਈ ਦਿਨ ਲੱਗ ਸਕਦੇ ਹਨ।

## ਕੀ MRSA ਮੇਰੇ ਪਰਵਾਰ ਅਤੇ ਮਿੱਤਰਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ?

MRSA ਸਿਹਤਮੰਦ ਲੋਕਾਂ, ਗਰਭਵਤੀ ਇਸਤਰੀਆਂ, ਬੱਚਿਆਂ ਅਤੇ ਕੁੱਛੜ ਦੇ ਬੱਚਿਆਂ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਹੈ। MRSA ਉਹਨਾਂ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਿਨ੍ਹਾਂ ਦੀਆਂ ਲੰਮੇ ਸਮੇ ਤੋਂ ਸਿਹਤ ਦੀਆਂ ਸਮੱਸਿਆਵਾਂ ਹਨ ਜਿਵੇਂ ਕਿ ਗੁਰਦੇ ਦਾ ਫੇਲ੍ਹ ਹੋਣਾ, ਸ਼ੂਗਰ ਦਾ ਰੋਗ। ਜੇਕਰ ਤੁਹਾਨੂੰ ਮਿੱਤਰਾਂ ਜਾਂ ਪਰਵਾਰ ਦੇ ਸੰਬੰਧ ਵਿਚ ਕੋਈ ਖਾਸ ਫ਼ਿਕਰ ਹੈ ਤਾਂ ਆਪਣੇ ਜੀਪੀ ਜਾਂ ਆਪਣੀ ਡਿਸਟ੍ਰਿਕਟ/ਕਮਿਊਨਿਟੀ ਨਰਸ ਨੂੰ ਪੁੱਛੋ।

## ਜਦੋਂ ਮੈਂ ਘਰ ਜਾਂਦਾ ਹਾਂ ਤਾਂ ਕੀ ਮੈਨੂੰ MRSA ਲਈ ਇਲਾਜ ਦੀ ਲੋੜ ਪਵੇਗੀ?

ਜੇਕਰ ਤੁਹਾਡੇ ਵਿਚ MRSA ਦੀ ਵੱਸੋਂ ਹੈ (ਅਤੇ ਲਾਗ ਦੇ ਕੋਈ ਲੱਛਣ ਨਹੀਂ ਹਨ) ਤਾਂ ਤੁਹਾਡੇ ਘਰ ਜਾਣ ਮਗਰੋਂ ਤੁਹਾਨੂੰ ਇਲਾਜ ਜਾਰੀ ਰੱਖਣ ਦੀ ਲੋੜ ਦੀ ਸੰਭਾਵਨਾ ਨਹੀਂ ਹੈ, ਐਪਰ ਜੇਕਰ ਤੁਹਾਨੂੰ ਛੁੱਟੀ ਦਿੱਤੀ ਜਾਂਦੀ ਹੈ ਅਤੇ ਤੁਹਾਨੂੰ ਐਂਟੀਬਾਓਟਿਕਾਂ ਲਈ ਨੁਸਖਾ ਦਿੱਤਾ ਗਿਆ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਕੋਰਸ ਨੂੰ ਪੂਰਾ ਕਰੋ। ਤੁਹਾਡੀ ਸਥਾਨਿਕ ਇਨਫ਼ੈੱਕਸ਼ਨ ਟੀਮ ਤੋਂ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸਕ੍ਰੀਨਿੰਗ ਦੇ ਬਾਰੇ ਕੀ?

ਘਰ ਵਿਚ ਤੁਹਾਡੀ MRSA ਦੇ ਲਈ ਸਕ੍ਰੀਨਿੰਗ ਨਹੀਂ ਕੀਤੀ ਜਾਵੇਗੀ। ਜੇਕਰ ਕੋਈ ਮੈਡੀਕਲ ਹਾਲਤ ਹੋ ਜਾਂਦੀ ਹੈ ਜਿਵੇਂ ਕਿ ਜ਼ਖਮ ਲਾਲ ਹੋ ਜਾਂਦਾ ਹੈ ਜਾਂ ਨਵਾਂ ਫੋੜਾ ਹੋ ਜਾਂਦਾ ਹੈ ਤਾਂ ਇਹ ਪਛਾਣ ਕਰਨ ਲਈ ਕਿ ਕੀ ਕੋਈ ਲਾਗ ਹੈ, ਤੁੰਬੇ ਨਾਲ ਨਮੂਨਾ ਲਿਆ ਜਾ ਸਕਦਾ ਹੈ।

## ਜੇਕਰ ਮੈਨੂੰ ਦੁਬਾਰਾ ਹਸਪਤਾਲ ਵਿਚ ਦਾਖਲ ਕੀਤਾ ਜਾਂਦਾ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਦੁਬਾਰਾ ਹਸਪਤਾਲ ਵਿਚ ਦਾਖਲ ਕੀਤਾ ਜਾਂਦਾ ਹੈ ਤਾਂ ਤੁਹਾਡਾ ਸਟਾਫ਼ ਨੂੰ ਇਹ ਦੱਸਣਾ ਕਿ ਪਹਿਲਾਂ ਤੁਹਾਨੂੰ MRSA ਰਿਹਾ ਹੈ, ਬਹੁਤ ਜ਼ਰੂਰੀ ਹੈ। ਕੁਝ ਹਾਲਤਾਂ ਵਿਚ ਤੁਹਾਨੂੰ ਵੱਖਰੇ ਕਮਰੇ ਵਿਚ ਰੱਖਿਆ ਜਾਵੇਗਾ ਅਤੇ MRSA ਦੇ ਲਈ ਤੁਹਾਡੀ ਸਕ੍ਰੀਨਿੰਗ ਕੀਤੀ ਜਾਵੇਗੀ।

ਜੇਕਰ ਤੁਸੀਂ ਆਊਟਪੇਸ਼ੰਟ ਡਿਪਾਰਟਮੈਂਟ, ਆਪਣੇ ਜੀਪੀ ਦੀ ਕਲੀਨਿਕ, ਪ੍ਰੈੱਕਟਿਸ ਨਰਸ ਕੋਲ ਜਾਂ ਇਲਾਜ ਦੇ ਕਮਰੇ ਵਿਚ ਜਾਂਦੇ ਹੋ ਤਾਂ ਵੀ ਇਹ ਜ਼ਰੂਰੀ ਹੈ ਕਿ ਤੁਸੀਂ ਸਟਾਫ਼ ਦੇ ਮੈਂਬਰ ਨੂੰ ਦੱਸੋ ਕਿ ਤੁਹਾਨੂੰ ਪਹਿਲਾਂ MRSA ਰਿਹਾ ਹੈ।